# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰ- ਮੁੱਖ ਲੇਖਾ ਅਫਸਰ , ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਵੱਲ,

ਸਾਰੇ ਡੀ.ਡੀ.ਓਜ਼
ਪੰ.ਰਾ:ਪਾ:ਕਾ:ਲਿਮ:/ਪੰ:ਰਾ:ਟਾ:ਕਾ:ਲਿਮ:।

ਪੱਤਰ ਨੰ: 4250/4450 ਮਿਤੀ 26/x/12

ਵਿਸ਼ਾ; Submission of life certificate by pensioners to DDOs and verification of existence of pensioners.

ਉਪਰੋਕਤ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਹਰ ਇੱਕ ਪੈਨਸ਼ਨਰ ਸਾਲ ਵਿਚ ਅਪ੍ਰੈਲ ਦੇ ਮਹੀਨੇ ਦੋਰਾਨ ਡੀ.ਡੀ.ਓ ਨੂੰ ਆਪਣੇ ਜੀਵਿਤ ਹੋਣ ਦਾ ਸਰਟੀਫਿਕੇਟ (Alive certificate)ਪੇਸ਼ ਕਰੇਗਾ ਜਿਸ ਕਰਕੇ ਹਰ ਪੈਨਸ਼ਨਰ ਲਈ ਇਹ ਜ਼ਰੂਰੀ ਹੈ ਕਿ ਉਹ ਅਪ੍ਰੈਲ ਦੇ ਮਹੀਨੇ ਵਿਚ ਆਪਣਾ ਜੀਵਿਤ ਹੋਣ ਦਾ ਸਰਟੀਫਿਕੇਟ (Alive certificate) ਨਿੱਜੀ ਤੋਰ ਤੇ ਸਬੰਧਤ ਡੀ.ਡੀ.ਓ. ਦੇ ਸਾਹਮਣੇਪੇਸ਼ ਹੋ ਕੇ ਤਸਦੀਕ ਕਰਵਾਏਗਾ।ਇਸ ਲਈ ਡੀ.ਡੀ.ਓ. ਪੈਨਸ਼ਨਰਾਂ ਨੂੰ ਪੈਨਸ਼ਨ ਦੀ ਅਦਾਇਗੀ ਕਰਨ ਤੇ ਪਹਿਲਾਂ ਇਹ ਯਕੀਨੀ ਬਣਾਉਣ ਕਿ ਜਿਸ ਪੈਨਸ਼ਨਰ ਨੂੰ ਉਹ ਪੈਨਸ਼ਨ ਦੀ ਅਦਾਇਗੀ ਕਰ ਰਹੇ ਹਨ ਉਸ ਨੇ ਆਪਣੇ ਜੀਵਿਤ ਹੋਣ ਦਾ ਸਰਟੀਫਿਕੇਟ (Alive certificate) ਉਨ੍ਹਾਂ ਕੋਲ ਨਿੱਜੀ ਤੋਰ ਤੇ ਆ ਕੇ ਪੇਸ਼ ਕੀਤਾ ਹੈ। ਇਸ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਜੇਕਰ ਉਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਕਾਰਨ ਕਿਸੇ ਪੈਨਸ਼ਨਰ ਨੂੰ ਵਾਧੂ ਪੈਨਸ਼ਨ ਦੀ ਅਦਾਇਗੀ ਹੁੰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਡੀ.ਡੀ.ਓ ਦੀ ਹੋਵੇਗੀ।

ਇਸ ਤੋ ਇਲਾਵਾ ਫਾਰਮ PEN-10 ਆਫ ਸੀ.ਐਸ.ਆਰ. ਵਾਲਯੂਮ-2 ਦੇ ਫੂਟ ਨੋਟ ਨੰ:2 ਵਿਚ ਦਰਸਾਈਆਂ ਛੋਟਾਂ ਇੰਨ ਬਿੰਨ ਲਾਗੂ ਰਹਿਣਗੀਆ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਲੇਖਾ ਅਫਸਰ/ਪੀ.ਅਤੇ ਐਫ.,
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਕਾ:ਕਾ:

ਉਪ ਮੁੱਖ ਇੰਜੀ:/ਆਈ.ਟੀ., ਪੰ:ਰਾ:ਪਾ:ਕਾ:ਲਿਮ: ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਪੰ.ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪ-ਲੋਡ ਕੀਤਾ ਜਾਵੇ ਜੀ।